WCB FACTS 2023

**ਮਜ਼ਦੂਰੀ ਦੀ ਹਾਨੀ 'ਤੇ ਮਿਲਣ ਵਾਲੇ ਫਾਇਦੀਆਂ ਦਾ ਹਿਸਾਬ**

ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB) ਤੁਹਾਡੀ ਮਜ਼ਦੂਰੀ ਦੇ ਨੁਕਸਾਨ ਦੇ ਫਾਇਦਿਆਂ ਦਾ ਭੁਗਤਾਨ ਤੁਹਾਡੀ ਕਮਾਈ ਦੇ ਨੁਕਸਾਨ ਦੀ ਸਮਰੱਥਾ ਦੇ ਅਧਾਰ 'ਤੇ ਕਰਦਾ ਹੈ।

ਜੇ ਤੁਸੀਂ ਕੰਮ ਵਾਲੀ ਥਾਂ 'ਤੇ ਸੱਟ ਲੱਗਣ ਕਾਰਨ ਕੰਮ ਛੱਡ ਦਿੰਦੇ ਹੋ, ਤਾਂ ਮਜ਼ਦੂਰੀ ਦੀ ਹਾਨੀ ਦੇ ਫਾਇਦੇ ਤੁਹਾਡੀ ਤਨਖਾਹ ਨੂੰ ਬਦਲਣ ਲਈ ਤਿਆਰ ਕੀਤੇ ਗਏ ਹਨ। ਜ਼ਿਆਦਾਤਰ ਸਥਿਤੀਆਂ ਵਿੱਚ, ਤੁਹਾਡੀ ਤਨਖ਼ਾਹ ਦੇ ਨੁਕਸਾਨ ਦੇ ਲਾਭ ਦੀ ਦਰ ਤੁਹਾਡੀ ਟੇਕ-ਹੋਮ ਪੇ (ਨੈੱਟ ਪੇ) ਦੇ 90 ਪ੍ਰਤੀਸ਼ਤ 'ਤੇ ਅਧਾਰਤ ਹੁੰਦੀ ਹੈ। 1 ਜਨਵਰੀ, 2022 ਨੂੰ ਜਾਂ ਇਸ ਤੋਂ ਬਾਅਦ ਵਾਪਰੀਆਂ ਸੱਟਾਂ ਜਾਂ ਦੁਹਰਾਈਆਂ ਘਟਨਾਵਾਂ ਲਈ ਤਨਖ਼ਾਹ ਦੇ ਨੁਕਸਾਨ ਦੇ ਲਾਭ ਵੱਧ ਤੋਂ ਵੱਧ ਬੀਮਾਯੋਗ ਕਮਾਈ ਸੀਮਾ ਦੇ ਅਧੀਨ ਹਨ। 2023 ਲਈ ਅਧਿਕਤਮ ਬੀਮਾਯੋਗ ਕਮਾਈ $153,380 ਹੈ।

**WCB ਮੇ ਰੇ ਫਾਇਦੇ ਦੀ ਦਰ ਦਾ ਹਿਸਾਬ ਕਿਵੇਂ ਕਰਦਾ ਹੈ?**

WCB ਤੁਹਾਡੀ ਮਜ਼ਦੂਰੀ ਦੀ ਹਾਨੀ ਦੇ ਫਾਇਦਿਆਂ ਦਾ ਹਿਸਾਬ ਚਾਰ ਕਦਮਾਂ ਵਿੱਚ ਪੂਰਾ ਕਰਦਾ ਹੈ:

**ਕਦਮ 1:** ਸਮਸਤ ਆਮਦਨ ਦਾ ਹਿਸਾਬ ਲਗਾਇਆ ਜਾਂਦਾ ਹੈ

WCB ਤੁਹਾਡੀ ਕੁੱਲ ਕਮਾਈ ਦੀ ਗਣਨਾ ਕਰਨ ਲਈ ਸੱਟ ਲੱਗਣ ਤੋਂ ਪਹਿਲਾਂ ਤੁਹਾਡੀ ਕਮਾਈ ਦੀ ਵਰਤੋਂ ਕਰਦਾ ਹੈ। ਤੁਹਾਡੀ ਕੁੱਲ ਕਮਾਈ ਦੀ ਗਣਨਾ ਜਾਂ ਤਾਂ ਤੁਹਾਡੀ ਨਿਯਮਤ ਕਮਾਈ ਦੇ ਆਧਾਰ 'ਤੇ, ਜੇਕਰ ਤੁਸੀਂ ਹਰ ਹਫ਼ਤੇ ਇੱਕੋ ਘੰਟੇ ਕੰਮ ਕਰਦੇ ਹੋ, ਜਾਂ ਜੇਕਰ ਤੁਸੀਂ ਵੱਖ-ਵੱਖ ਘੰਟੇ ਕੰਮ ਕਰਦੇ ਹੋ ਜਾਂ ਕੰਮ ਦਾ ਇੱਕ ਅਨਿਯਮਿਤ ਪੈਟਰਨ ਹੈ (ਉਦਾਹਰਨ ਲਈ, ਵਧਦੇ ਘਟਦੇ  ਘੰਟੇ ਜਾਂ ਓਵਰਟਾਈਮ, ਮੌਸਮੀ ਕੰਮ, ਕੰਟਰੈਕਟ ਕੰਮ, ਆਦਿ) ਤਾਂ ਔਸਤ ਸਾਲਾਨਾ ਕਮਾਈ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

WCB ਉਸ ਫਾਰਮੂਲੇ ਦੀ ਵਰਤੋਂ ਕਰੇਗਾ ਜੋ ਸੱਟ ਲੱਗਣ ਤੋਂ ਪਹਿਲਾਂ ਤੁਹਾਡੇ ਰੁਜ਼ਗਾਰ ਅਤੇ ਕਮਾਈ ਦੇ ਪੈਟਰਨ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਂਦਾ ਹੈ।

ਜੇਕਰ ਤੁਹਾਨੂੰ ਸੱਟ ਲੱਗਣ ਦੇ ਕਾਰਨ, ਤੁਹਾਨੂੰ ਹੋਰ ਰੁਜ਼ਗਾਰ ਸਰੋਤਾਂ ਤੋਂ ਵੀ ਕਮਾਈ ਦਾ ਨੁਕਸਾਨ ਹੋ ਰਿਹਾ ਹੈ, ਤਾਂ ਤੁਹਾਡੀ ਕੁੱਲ ਸਮਸਤ ਆਮਦਨ ਨਿਰਧਾਰਤ ਕਰਨ ਲਈ ਇਹਨਾਂ ਨੂੰ ਗਿਣਿਆ ਜਾਵੇਗਾ।

**ਕਦਮ 2:** ਕੁੱਲ ਆਮਦਨ ਦਾ ਹਿਸਾਬ ਲਗਾਇਆ ਜਾਂਦਾ ਹੈ

ਕੁੱਲ ਆਮਦਨ ਦਾ ਹਿਸਾਬ ਲਗਾਉਣ ਲਈ WCB ਪੋਰਟੇਬਲ ਕਟੌਤੀਆਂ ਅਤੇ ਟੈਕਸ ਕ੍ਰੈਡਿਟ ਲਾਗੂ ਕਰਦਾ ਹੈ। ਹਿਸਾਬ-ਕਿਤਾਬ ਕੈਨੇਡਾ ਰੈਵੀਨਿਊ ਏਜੰਸੀ (CRA) ਵੱਲੋਂ *ਇਨਕਮ ਟੈਕਸ ਐਕਟ (Income Tax Act)* ਦੇ ਹਵਾਲੇ ਵਿੱਚ ਵਰਤੀਆਂ ਜਾਂਦੀਆਂ ਮਿਆਰੀ ਕਟੌਤੀਆਂ ਅਤੇ ਟੈਕਸ ਕ੍ਰੈਡਿਟਾਂ ਤੇ ਅਧਾਰਤ ਹੁੰਦਾ ਹੈ।

ਪੋਰਟੇਬਲ ਕਟੌਤੀਆਂ ਵਿੱਚ ਸ਼ਾਮਲ ਹਨ:

- ਇਨਕਮ ਟੈਕਸ,
- ਕੈਨੇਡਾ ਪੈਂਸ਼ਨ ਪਲਾਨ (CPP),
- ਰੁਜ਼ਗਾਰ ਬੀਮਾ (EI) ਪ੍ਰੀਮੀਅਮ, ਅਤੇ
- ਬੋਰਡ ਆਫ ਡਾਇਰੈਕਟਰਸ ਵੱਲੋਂ ਕਨੂੰਨ ਵੱਲੋਂ ਸਥਾਪਤ ਕੀਤੀਆਂ ਜਾਣ ਵਾਲੀਆਂ ਹੋਰ ਕਟੌਤੀਆਂ.

ਟੈਕਸ ਕ੍ਰੈਡਿਟਾਂ ਵਿੱਚ ਸ਼ਾਮਲ ਹਨ ਜੋ ਮੁਢਲੀਆਂ ਨਿੱਜੀ ਰਕਮਾਂ, ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ ਦੀ ਰਕਮ, ਨਿਰਭਰ ਬੱਚਿਆਂ, ਬਾਲ ਦੇਖਭਾਲ ਦੇ ਖਰਚਿਆਂ ਅਤੇ ਪਤੀ-ਪਤਨੀ ਸਹਾਇਤਾ ਅਦਾਇਗੀਆਂ ਲਈ ਦਾਅਵਾ ਕੀਤੇ ਗਏ ਹਨ ਜੇ ਤੁਸੀਂ ਇਹਨਾਂ ਕ੍ਰੈਡਿਟਾਂ ਦੀ ਆਪਣੇ ਆਮਦਨੀ ਟੈਕਸ ਰਿਟਰਨ 'ਤੇ ਰਿਪੋਰਟ ਕਰਦੇ ਹੋ।

ਧਿਆਨ ਦਿਓ: ਪੋਰਟੇਬਲ ਕਟੌਤੀਆਂ ਅਨੁਮਾਨਿਤ ਰਕਮ ਨੂੰ ਦਰਸਾਉਂਦੀਆਂ ਹਨ; ਤੁਹਾਡੀ ਤਰਫ ਤੋਂ ਇਨਕਮ ਟੈਕਸ, CPP ਯੋਗਦਾਨ ਜਾਂ EI ਪ੍ਰੀਮੀਅਮ ਦੇ ਲਈ CRA ਨੂੰ ਅਸਲ ਵਿੱਚ ਕੋਈ ਵੀ ਭੁਗਤਾਨ ਨਹੀਂ ਕੀਤਾ ਜਾਵੇਗਾ।

**ਕਦਮ 3:** WCB ਦੇ ਫਾਇਦੇ ਦੀ ਦਰ ਨਿਰਧਾਰਿਤ ਕੀਤੀ ਜਾਂਦੀ ਹੈ

ਕਦਮ 2 ਵਿੱਚ ਨਿਰਧਾਰਿਤ ਕੀਤੀ ਤੁਹਾਡੀਆਂ ਕੁੱਲ ਕਮਾਈਆਂ ਦੀ ਵਰਤੋਂ ਤੁਹਾਡੀ ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ ਦੀ ਦਰ ਦਾ ਹਿਸਾਬ ਲਗਾਉਣ ਲਈ ਕੀਤੀ ਜਾਂਦਾ ਹੈ:

- ਜਿਆਦਾਤਰ ਸਥਿਤੀਆਂ ਵਿੱਚ, ਤੁਹਾਡਾ WCB ਫਾਇਦਾ ਦਰ 90% ਦੀ ਕੁੱਲ ਕਮਾਈ ਦੇ ਅਧਾਰਤ ਹੁੰਦਾ ਹੈ।

- ਜੇਕਰ ਤੁਹਾਡੀ ਕੁੱਲ ਆਮਦਨ ਦਾ ਨੁਕਸਾਨ ਨੈੱਟ ਘੱਟੋ-ਘੱਟ ਔਸਤਨ ਆਮਦਨ ਤੋਂ ਘੱਟ ਜਾਂ ਉਸ ਦੇ ਬਰਾਬਰ ਹੈ, ਤਾਂ ਤੁਹਾਡੇ ਫਾਇਦੇ ਦਾ ਦਰ ਤੁਹਾਡੀ ਨੈੱਟ ਕਮਾਈ ਦਾ 100% ਹੋਵੇਗਾ।

- ਜੇਕਰ ਤੁਹਾਡੀ ਕੁੱਲ ਕਮਾਈ ਦਾ 90% ਕੁੱਲ ਘੱਟੋ-ਘੱਟ ਸਾਲਾਨਾ ਕਮਾਈ ਦੇ 100% ਦੇ ਆਧਾਰ 'ਤੇ ਤੁਹਾਨੂੰ ਪ੍ਰਾਪਤ ਹੋਣ ਵਾਲੇ ਨੁਕਸਾਨ ਤੋਂ ਘੱਟ ਹੈ, ਤਾਂ ਤੁਹਾਡੀ ਲਾਭ ਦਰ ਤੁਹਾਡੀ ਕੁੱਲ ਕਮਾਈ ਦੇ 100% 'ਤੇ ਆਧਾਰਿਤ ਹੋਵੇਗੀ।

1 ਅਕਤੂਬਰ 2022 ਨੂੰ ਪ੍ਰਭਾਵੀ ਘੱਟੋ-ਘੱਟ ਸਾਲਾਨਾ ਕਮਾਈਆਂ $28,080 ਸੀ ਅਤੇ 1 ਜਨਵਰੀ, 2023 ਨੂੰ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

**ਕਦਮ 4: ਟੈਕਸ ਛੋਟਾਂ (ਸ਼ੈਲਟਰਿੰਗ) ਦਾ ਫਾਇਦੇ ਦੀ ਦਰ ਵਿੱਚ ਗੁਣਨਖੰਡ ਕੀਤਾ ਜਾਂਦਾ ਹੈ**

WCB ਦੇ ਲਾਭ ਗੈਰ-ਟੈਕਸਯੋਗ ਹੁੰਦੇ ਹਨ। ਤੁਹਾਡੀ ਘਟਾਈ ਗਈ ਟੈਕਸਯੋਗ ਆਮਦਨ ਦੁਆਰਾ ਨਿਰਮਤ ਟੈਕਸ ਲਾਭ ਦੀ ਚੁਕੌਤੀ ਕਰਨ ਲਈ, WCB ਲਾਭ ਦੇ ਦਰ ਨੂੰ ਤੁਹਾਡੀ ਕਮਾਈ ਦੇ ਸਲਾਨਾ ਨੁਕਸਾਨ ਨੂੰ ਹੋਰ ਵੀ ਨੇੜਤਾ ਨਾਲ ਦਰਸਾਉਣ ਲਈ ਘੱਟ ਕਰਦਾ ਹੈ।

**ਸੈਂਪਲ ਫਾਇਦੀਆਂ ਦਾ ਹਿਸਾਬ**

| ਸਿੰਗਲ, ਕੋਈ ਆਸ਼ਰਿਤ ਨਹੀਂ ਫਾਇਦੇ ਦਾ ਹਿਸਾਬ | | | | |
|---|---|---|---|---|
| **ਕੁੱਲ ਹਫਤੇਵਾਰ ਮਜ਼ਦੂਰੀ** | **ਕੁੱਲ ਸਾਲਾਨਾ ਮਜ਼ਦੂਰੀ** | **100% ਨੈੱਟ ਐਕਚੁਅਲ (ਹਫਤਾਵਾਰੀ)** | **90% ਨੈੱਟ ਸ਼ੈਲਟਰਡ (ਹਫਤਾਵਾਰੀ)** | **100% ਨੈੱਟ ਸ਼ੈਲਟਰਡ (ਹਫਤਾਵਾਰੀ)** |
| $150.00 | $7,800.00 | $142.92 | ਲਾਗੂ ਨਹੀਂ | $141.96 |
| $200.00 | $10,400.00 | $189.28 | ਲਾਗੂ ਨਹੀਂ | $188.32 |
| $540.00 | $28,080.00 | $436.96 | ਲਾਗੂ ਨਹੀਂ | $420.25 |
| $600.00 | $31,200.00 | $436.96 | ਲਾਗੂ ਨਹੀਂ | $420.25 |
| $900.00 | $46,800.00 | $679.99 | $594.36 | ਲਾਗੂ ਨਹੀਂ |
| $1,200.00 | $62,400.00 | $868.10 | $755.27 | ਲਾਗੂ ਨਹੀਂ |

| ਵਿਆਹਿਆ ਹੋਇਆ, ਪਤੀ ਜਾਂ ਪਤਨੀ ਜਾਂ ਕਾਮਨ-ਲਾਅ ਪਾਰਟਨਰ ਦੀ ਰਕਮ ਦਾ ਦਾਅਵਾ ਕਰਦਾ ਹੈ, ਦੋ ਨਿਰਭਰ | | | | |
|---|---|---|---|---|
| **ਕੁੱਲ ਹਫਤੇਵਾਰ ਮਜ਼ਦੂਰੀ** | **ਕੁੱਲ ਸਾਲਾਨਾ ਮਜ਼ਦੂਰੀ** | **100% ਨੈੱਟ ਐਕਚੁਅਲ (ਹਫਤਾਵਾਰੀ)** | **90% ਨੈੱਟ ਸ਼ੈਲਟਰਡ (ਹਫਤਾਵਾਰੀ)** | **100% ਨੈੱਟ ਸ਼ੈਲਟਰਡ (ਹਫਤਾਵਾਰੀ)** |
| $150.00 | $7,800.00 | $142.92 | ਲਾਗੂ ਨਹੀਂ | $141.96 |
| $200.00 | $10,400.00 | $189.28 | ਲਾਗੂ ਨਹੀਂ | $188.32 |
| $540.00 | $28,080.00 | $504.52 | ਲਾਗੂ ਨਹੀਂ | $503.56 |
| $600.00 | $31,200.00 | $504.52 | ਲਾਗੂ ਨਹੀਂ | $503.56 |
| $900.00 | $46,800.00 | $751.75 | $640.83 | ਲਾਗੂ ਨਹੀਂ |
| $1,200.00 | $62,400.00 | $936.95 | $799.12 | ਲਾਗੂ ਨਹੀਂ |

ਇਹ ਬਹੁਤ ਜਿਆਦਾ ਮਹੱਤਵਪੂਰਨ ਹੈ ਕਿ ਤੁਸੀਂ WCB ਨੂੰ ਟੈਕਸ ਜਾਣਕਾਰੀ ਦੀ ਸਹੀ ਰਿਪੋਰਟ ਕਰੋ ਕਿਉਂਕਿ ਇਹ ਫਾਇਦੇ ਦੇ ਹਿਸਾਬ ਲਗਾਉਣ ਤੇ ਕਾਫੀ ਫਰਕ ਪਾਉਂਦੇ ਹਨ।

ਸੱਟ ਲੱਗਣ ਦੀ ਤਰੀਕ, ਅਤੇ ਕਦਮ 1 ਵਿੱਚ ਦੱਸੇ ਅਨੁਸਾਰ ਲਾਗੂ ਟੈਕਸ ਕ੍ਰੈਡਿਟ ਅਤੇ/ਜਾਂ ਟੈਕਸ ਕਟੌਤੀਆਂ, ਪਹਿਲੇ ਦੋ ਸਾਲਾਂ ਲਈ ਆਪਣੀ ਜਗ੍ਹਾਂ ਤੇ ਰਹਿਣਗੀਆਂ, ਭਾਵੇਂ ਉਸ ਸਮੇਂ ਦੀ ਦੌਰਾਨ ਤੁਹਾਡੀ ਸਥਿਤੀ ਬਦਲ ਹੀ ਕਿਉਂ ਨਾ ਜਾਵੇ। ਹਾਲਾਂਕਿ, ਦੋ ਅਪਵਾਦ ਹਨ:

- ਜੇ ਦਾਅਵੇ ਨੂੰ ਸਵੀਕਾਰ ਕੀਤੇ ਜਾਣ ਦੇ ਸਮੇਂ ਤੁਹਾਡੀ ਜਾਣਕਾਰੀ ਉਪਲਬਧ ਨਹੀਂ ਹੈ, ਤਾਂ ਸਾਡਾ ਹਿਸਾਬ-ਕਿਤਾਬ ਜਾਣਕਾਰੀ ਪ੍ਰਾਪਤ ਹੋਣ ਤੱਕ "ਨਿਰਭਰ ਵਿਅਕਤੀਆਂ ਤੋਂ ਬਿਨਾਂ ਸਿੰਗਲ" ਦੇ ਅਧਾਰ ਤੇ ਹੋਵੇਗਾ।

- ਜੇਕਰ ਦਾਅਵਾ ਸਵੀਕਾਰ ਕੀਤੇ ਜਾਣ ਦੇ ਸਮੇਂ ਸਾਡੇ ਕੋਲ ਮੌਜੂਦ ਜਾਣਕਾਰੀ ਗਲਤ ਹੈ

ਜੇਕਰ ਟੈਕਸ ਕ੍ਰੈਡਿਟ ਅਤੇ/ਜਾਂ ਟੈਕਸ ਕਟੌਤੀ ਦੀ ਜਾਣਕਾਰੀ ਜੋ WCB ਤੁਹਾਡੇ ਮਜ਼ਦੂਰੀ ਦੀ ਹਾਨੀ ਲਈ ਫਾਇਦਿਆਂ ਦੀ ਗਣਨਾ ਕਰਨ ਲਈ ਵਰਤਦੀ ਹੈ, ਉਹ ਉਪਲਬਧ ਨਹੀਂ ਹੈ ਜਾਂ ਗਲਤ ਹੈ, ਤਾਂ ਤੁਹਾਡੀ ਜਾਣਕਾਰੀ ਪ੍ਰਾਪਤ ਹੋਣ ਜਾਂ ਪੁਸ਼ਟੀ ਹੋਣ 'ਤੇ ਤੁਹਾਡੇ ਉਜਰਤ ਘਾਟੇ ਦੇ ਲਾਭਾਂ ਨੂੰ ਐਡਜਸਟ ਕੀਤਾ ਜਾਵੇਗਾ। ਐਡਜਟਮੈਂਟ ਉਸ ਪਿਛਲੀ ਤਰੀਕ ਤੋਂ ਲਾਗੂ ਕੀਤੀ ਜਾਂਦੀ ਹੈ, ਜਿਸ ਤਰੀਕ ਨੂੰ ਤੁਹਾਨੂੰ ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ ਮਿਲਣੇ ਸ਼ੁਰੂ ਹੋਏ ਸਨ। ਇਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਤੁਹਾਡੇ ਭੁਗਤਾਨਾਂ ਵਿੱਚ ਦੇਰੀ ਨਹੀਂ ਹੁੰਦੀ।

ਜੇਕਰ ਤੁਸੀਂ ਟੈਕਸ ਸੰਬੰਧੀ ਜਾਣਕਾਰੀ ਦੇਣ ਦੀ ਇੱਛਾ ਰੱਖਦੇ ਹੋ, ਤਾਂ ਤੁਹਾਨੂੰ ਨਿਰਭਰ ਵਿਅਕਤੀਆਂ ਤੋਂ ਬਿਨਾਂ ਸਿੰਗਲ ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ ਅਤੇ ਦੋ ਸਾਲ ਦੇ ਸਮੇਂ ਲਈ ਤੁਹਾਡੇ ਬੈਨਿਫਿਟ ਵਿੱਚ ਕੋਈ ਸਮਾਯੋਜਨ ਨਹੀਂ ਕੀਤਾ ਜਾਵੇਗਾ।

**ਕੀ ਕਮਾਈ ਦੇ ਨੁਕਸਾਨ ਦੀ ਸਮਰੱਥਾ ਦੀ ਗਣਨਾ ਕਰਨ ਦੀ ਪ੍ਰਕਿਰਿਆ ਵਿੱਚ ਕੋਈ ਅਪਵਾਦ ਹਨ?**

ਹਾਂ, ਕੁਝ ਮਾਮਲਿਆਂ ਵਿੱਚ, *ਕਰਮਚਾਰੀ ਮੁਆਵਜ਼ਾ ਐਕਟ (The Workers Compensation Act)* ਸਾਨੂੰ ਤੁਹਾਡੀ ਕਮਾਈ ਦੇ ਨੁਕਸਾਨ ਦੀ ਸੰਭਾਵਤ ਸਮਰੱਥਾ ਦੇ ਅਧਾਰ 'ਤੇ ਔਸਤ ਕਮਾਈ ਸਥਾਪਿਤ ਕਰਨ ਲਈ ਭਵਿੱਖ ਵੱਲ ਦੇਖਣ ਦੀ ਇਜਾਜ਼ਤ ਦਿੰਦਾ ਹੈ। ਇਹ ਪਹੁੰਚ ਸਿਰਫ ਅਸਧਾਰਨ ਸਥਿਤੀਆਂ ਵਿੱਚ ਲਾਗੂ ਕੀਤੀ ਜਾ ਸਕਦੀ ਹੈ, ਜਿਵੇਂ ਕਿ:

- ਜੇਕਰ ਤੁਸੀਂ ਆਪਣੇ ਰੁਜ਼ਗਾਰਦਾਤਾ ਨਾਲ ਆਪਣੀ ਪ੍ਰੋਬੇਸ਼ਨਰੀ ਮਿਆਦ ਵਿੱਚ ਹੋ
- ਜੇਕਰ ਤੁਸੀਂ ਹੁਣੇ-ਹੁਣੇ ਆਪਣੀ ਪਹਿਲੀ ਨੌਕਰੀ ਸ਼ੁਰੂ ਕੀਤੀ ਹੈ ਜਾਂ ਹਾਲ ਹੀ ਵਿੱਚ ਕਰਮਚਾਰੀ ਬਲ ਵਿੱਚ ਦੁਬਾਰਾ ਦਾਖਲ ਹੋਏ ਹੋ
- ਜਦੋਂ ਤੁਹਾਡੇ ਰੁਜ਼ਗਾਰ ਦੇ ਹਾਲਾਤ ਕਾਫ਼ੀ ਬਦਲ ਗਏ ਹਨ
- ਜੇਕਰ ਤੁਸੀਂ ਇੱਕ ਅਪ੍ਰੈਂਟਿਸ ਜਾਂ ਘੋਸ਼ਿਤ ਵਰਕਰ ਹੋ

ਘੋਸ਼ਿਤ ਕਰਮਚਾਰੀਆਂ ਫਾਇਦੇ ਸੱਟ ਲੱਗਣ ਦੇ ਸਮੇਂ ਤੇ ਉਦਯੋਗੀ ਔਸਤ ਮਜ਼ਦੂਰੀ ਦੇ ਵੱਧ ਤੋਂ ਉੱਤੇ ਤੇ ਅਧਾਰਤ ਹੋਣਗੇ। ਘੋਸ਼ਿਤ ਕਰਮਚਾਰੀ ਉਹ ਵਿਅਕਤੀ ਜਾਂ ਵਿਅਕਤੀ-ਵਰਗ ਹੁੰਦੇ ਹਨ ਜੋ ਆਮ ਨੌਕਰੀ ਦੀ ਸਥਿਤੀ ਵਿੱਚ ਨਹੀਂ ਹਨ ਪਰ ਜਿੰਨ੍ਹਾਂ ਨੂੰ *ਕਰਮਚਾਰੀ ਮੁਆਵਜ਼ਾ ਐਕਟ* ਦੇ ਤਹਿਤ ਕਰਮਚਾਰੀ ਘੋਸ਼ਿਤ ਕੀਤਾ ਜਾਂਦਾ ਹੈ। ਘੋਸ਼ਿਤ ਕਰਮਚਾਰੀਆਂ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਇੱਕ ਐਮਰਜੈਂਸੀ ਸੇਵਾ ਕਰਮਚਾਰੀ ਜਿਸਨੂੰ ਨਾਮਾਤਰ ਜਾਂ ਕੋਈ ਮੁਆਵਜ਼ਾ ਨਹੀਂ ਮਿਲਦਾ
- ਇੱਕ ਹਾਈ ਸਕੂਲ ਜਾਂ ਪੋਸਟ-ਸੈਕੰਡਰੀ ਵਿਦਿਆਰਥੀ ਜਾਂ ਇੱਕ ਰਜਿਸਟਰਡ ਸੈਂਟਰ ਵਿੱਚ ਇੱਕ ਸਿਖਿਆਰਥੀ ਜੋ ਆਪਣੇ ਕੋਰਸ ਦੇ ਹਿੱਸੇ ਵਜੋਂ ਕੰਮ ਦੇ ਤਜਰਬੇ ਵਿੱਚ ਹੈ, ਕਿਸੇ ਵਪਾਰ, ਕਾਰੋਬਾਰ, ਉਦਯੋਗ ਜਾਂ ਕਿੱਤੇ ਵਿੱਚ ਕੰਮ ਕਰ ਰਿਹਾ ਹੈ ਪਰ ਕੰਮ ਦਾ ਤਜਰਬਾ ਦੇਣ ਵਾਲੇ ਦੁਆਰਾ ਨੌਕਰੀ 'ਤੇ ਨਹੀਂ ਰੱਖਿਆ ਗਿਆ ਹੈ।

**ਧਿਆਨ ਦਿਓ**: ਕਾਮਿਆਂ ਦੀ ਔਸਤ ਕਮਾਈ ਕਿਸੇ ਵੀ ਵੱਧ ਤੋਂ ਵੱਧ ਸਾਲਾਨਾ ਕਮਾਈ ਦੇ ਪੱਧਰ ਦੇ ਅਧੀਨ ਹੁੰਦੀ ਹੈ ਜੋ ਦੁਰਘਟਨਾ ਦੀ ਮਿਤੀ ਦੇ ਅਨੁਸਾਰ ਹੈ।

ਫਾਇਦੀਆਂ ਦੇ ਹਿਸਾਬ ਦੀ ਵਧੇਰੀ ਜਾਣਕਾਰੀ ਲਈ, ਕਿਰਪਾ ਕਰ ਕੇ ਆਪਣੇ ਐਡਜੁਕੇਟਰ ਜਾਂ ਕੇਸ ਦੇ ਮੈਨੇਜਰ ਨਾਲ ਸੰਪਰਕ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ* WCB ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।